# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ: ਅੱਠਵੀਂ ਜਮਾਤ ਦੀ ਤਰਜ਼ ਤੇ ਅਕਾਦਮਿਕ ਸਾਲ 2020-21 ਲਈ ਨੌਂਵੀਂ ਅਤੇ ਦਸਵੀਂ ਸ਼੍ਰੇਣੀ ਦੇ ਮੁੱਖ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਦੀ ਬਣਤਰ 'Learning Outcomes' ਦੇ ਅਧਾਰ ਤੇ ਕਰਨ ਸਬੰਧੀ।**

ਵਿਸ਼ੇ ਅਧੀਨ ਮਾਮਲੇ ਸਬੰਧੀ ਸਮੂਹ ਸਰਕਾਰੀ, ਐਫੀਲਿਏਟਿਡ, ਏਡਿਡ, ਅਨ-ਏਡਿਡ ਅਤੇ ਮੈਰੀਟੋਰੀਅਸ ਸਕੂਲਾਂ ਦੇ ਮੁੱਖੀਆਂ ਅਤੇ ਸਬੰਧਤ ਅਧਿਆਪਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਕਾਦਮਿਕ ਸਾਲ 2020-21 ਲਈ ਨੌਂਵੀਂ ਅਤੇ ਦਸਵੀਂ ਸ਼੍ਰੇਣੀ ਦੇ 6 ਮੁੱਖ ਵਿਸ਼ਿਆਂ ਭਾਵ ਅੰਗਰੇਜ਼ੀ, ਸਮਾਜਿਕ ਸਿੱਖਿਆ, ਗਣਿਤ, ਵਿਗਿਆਨ, ਹਿੰਦੀ ਅਤੇ ਪੰਜਾਬੀ ਵਿਸ਼ਿਆਂ ਦੇ ਪ੍ਰਸ਼ਨ ਪੱਤਰਾਂ ਦੀ ਬਣਤਰ ਵਿੱਚ ਤਬਦੀਲੀ ਕੀਤੀ ਗਈ ਹੈ।

ਇਹ ਪ੍ਰਸ਼ਨ ਪੱਤਰ 'Learning Outcomes' ਦੇ ਅਧਾਰ ਤੇ ਹੋਣਗੇ। ਜਿਸ ਵਿੱਚ ਲਿਖਤੀ ਪ੍ਰਸ਼ਨ ਪੱਤਰ ਲਈ ਨਿਰਧਾਰਿਤ ਕੁੱਲ ਅੰਕਾਂ ਵਿੱਚੋਂ 40% ਅੰਕਾਂ ਦੇ ਪ੍ਰਸ਼ਨ 'Learning Outcomes' ਤੇ ਅਧਾਰਿਤ ਹੋਣਗੇ।

ਇਹਨਾਂ 40% ਅੰਕਾਂ ਦੇ ਪ੍ਰਸ਼ਨਾਂ ਵਿੱਚੋਂ ਅੱਧੇ ਪ੍ਰਸ਼ਨ ਬਹੁ-ਵਿਕਲਪੀ ਪ੍ਰਸ਼ਨ ਹੋਣਗੇ ਅਤੇ ਬਾਕੀ ਪ੍ਰਸ਼ਨਾਂ ਦੀ ਬਣਤਰ ਵਿਸ਼ੇ ਦੀ ਲੋੜ ਅਨੁਸਾਰ ਹੋਵੇਗੀ।

16/3/2020

ਡਾਇਰੈਕਟਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ